# *ਪ੍ਰੈਸ ਨੋਟ*
# *(ਫਿਰੋਜ਼ਪੁਰ ਪੁਲਿਸ)*

**ਫਿਰੋਜਪੁਰ: 18 ਜਨਵਰੀ 2024**

**ਫਿਰੋਜ਼ਪੁਰ ਪੁਲਿਸ ਵੱਲੋ ਨਸ਼ੇ ਵਿਰੁੱਧ ਜਾਰੀ ਮੁਹਿੰਮ ਤਹਿਤ ਮਿਤੀ 18-01-2024 ਨੂੰ ਸੁਭਾ 10:00 ਵਜੇ ਸ਼ਹੀਦ ਕੈਪਟਨ ਬਿਕਰਮ ਬੱਤਰਾ (ਪੀ.ਵੀ.ਸੀ) ਪਾਰਕ , ਸਾਹਮਣੇ ਡੀ.ਸੀ. ਮਾਡਲ ਸਕੂਲ ਫਿਰੋਜ਼ਪੁਰ ਕੈਂਟ ਤੋਂ ਕੈਂਟੋਨਮੈਂਟ ਬੋਰਡ ਦੇ ਸਟੇਡਿਅਮ ਤੱਕ ਪੈਦਲ ਅਤੇ ਦੋੜ ਰੈਲੀ ਕੱਢੀ ਗਈ ।**

ਜਿਲ੍ਹਾ ਪੁਲਿਸ ਫਿਰੋਜਪੁਰ ਵੱਲੋ ਪ੍ਰੈਸ ਨੂੰ ਜਾਣਕਾਰੀ ਦਿੰਦਿਆ ਦੱਸਿਆ ਕਿ ਪੰਜਾਬ ਸਰਕਾਰ ਅਤੇ ਮਾਨਯੋਗ ਡੀ.ਜੀ.ਪੀ. ਪੰਜਾਬ ਜੀ ਦੇ ਦਿਸ਼ਾਂ ਨਿਰਦੇਸ਼ਾ ਅਨੁਸਾਰ ਨਸ਼ੇ ਵਿਰੁੱਧ ਜਾਰੀ ਮੁਹਿੰਮ ਤਹਿਤ ਸ਼ਹੀਦ ਕੈਪਟਨ ਬਿਕਰਮ ਬੱਤਰਾ (ਪੀ.ਵੀ.ਸੀ) ਪਾਰਕ , ਸਾਹਮਣੇ ਡੀ.ਸੀ. ਮਾਡਲ ਸਕੂਲ ਫਿਰੋਜ਼ਪੁਰ ਕੈਂਟ ਤੋਂ ਫਿਰੋਜ਼ਪੁਰ ਛਾਵਣੀ ਦੇ ਬਾਜ਼ਾਰ ਰਾਹੀਂ ਹੰਦੇ ਹੋਏ ਕੈਟੋਨਮੈਂਟ ਬੋਰਡ ਦੇ ਸਟੇਡਿਅਮ ਤੱਕ ਪੈਦਲ ਰੈਲੀ ਕੱਢੀ ਗਈ ਹੈ। ਇਸ ਰੈਲੀ ਵਿੱਚ ਕਰੀਬ 1000 ਵਿਅਕਤੀਆਂ ਨੇ ਭਾਗ ਲਿਆ ਜਿਹਨਾਂ ਵਿੱਚ ਵੱਖ- ਵੱਖ ਸਕੂਲਾਂ ਦੇ ਬੱਚੇ, ਜਨਤਕ ਨੁਮਾਂਇੰਦੀਆਂ ਪੁਲਿਸ ਕਰਮਚਾਰੀਆਂ ਅਤੇ ਆਮ ਜਨ ਨੇ ਸ਼ਮੂਲਿਅਤ ਪਾਈ ।ਇਸ ਰੈਲੀ ਵਿੱਚ ਸਮੂਹ ਭਾਗੀਦਾਰਾਂ ਨੇ ਨਸ਼ੇ ਨਾ ਕਰਨ ਅਤੇ ਨਸ਼ਿਆਂ ਦੀ ਰੋਕਥਾਮ ਬਾਰੇ ਜਾਗਰੁਕਤਾ ਪੈਦਾ ਕਰਨ ਸੰਬੰਧੀ ਸਹੁੰ ਚੱਕੀ । ਇਸ ਰੈਲੀ ਦੇ ਸਮਾਪਤੀ ਸਮਾਰੋਹ ਤੋਂ ਬਾਅਦ ਛਾਉਣੀ ਸਟੇਡਿਅਮ ਵਿੱਖੇ ਖੂਨ ਦਾਨ ਕੈਂਪ ਵੀ ਲਗਾਇਆ ਗਿਆ। ਰੈਲੀ ਵਿੱਚ ਭਾਗ ਲੈਣ ਵਾਲੇ ਸਮੂਹ ਭਾਗੀਦਾਰਾਂ ਲਈ ਫਿਰੋਜ਼ਪੁਰ ਪੁਲਿਸ ਵੱਲੋਂ ਰੀਫਰੈਸ਼ਮੈਂਟ ਦਾ ਇੰਤਜਾਮ ਕੀਤਾ ਗਿਆ।

ਰੈਲੀ ਵਿੱਚ ਸ਼ਾਮਿਲ ਵਿਅਕਤੀਆਂ ਨੂੰ ਨਸ਼ੇ ਦੇ ਮਾੜੇ ਪ੍ਰਭਾਵਾਂ ਤੋਂ ਜਾਗਰੂਕ ਕੀਤਾ ਗਿਆ। ਸਮਾਜ ਨੂੰ ਨਸ਼ੇ ਤੋਂ ਮੁਕਤ ਕਰਨ ਲਈ ਪਬਲਿਕ ਨੂੰ ਪੁਲਿਸ ਦਾ ਸਹਿਯੋਗ ਦੇਣ ਦੀ ਅਪੀਲ ਕੀਤੀ ਗਈ।




ਜਾਰੀ ਮੁਹਿੰਮ ਤਹਿਤ ਨੌਜਵਾਨਾਂ ਨੂੰ ਨਸ਼ਿਆਂ ਤੋਂ
ਰੱਖਣ ਪ੍ਰਤੀ ਜਾਗਰੂਕ ਕਰਨ ਲਈ


" Walk, Run & Pedal for Life !"
ਵੱਲੋਂ ਪੰਜਾਬ ਪੁਲਿਸ ਫਿਰੋਜ਼ਪੁਰ
ਨਸ਼ੇ ਵਿਰੁੱਧ ਜਾਰੀ ਮੁਹਿੰਮ ਤਹਿਤ ਨੌਜਵਾਨਾਂ ਨੂੰ ਨਸ਼ਿਆਂ ਤੋਂ
ਦੂਰ ਰੱਖਣ ਪ੍ਰਤੀ ਜਾਗਰਕ ਕਰਨ ਲਈ


ਪੈਦਲ ਮਾਰਚ
ਮਿਤੀ: 18 ਜਨਵਰੀ 2024
ਨਸ਼ੇ ਵਿਰੁੱਧ ਜਾਰੀ ਮੁਹਿੰਮ ਤਹਿਤ ਨੌਜਵਾਨਾਂ ਨੂੰ ਨਸ਼ਿਆਂ ਤੋਂ
ਦੂਰ ਰੱਖਣ ਪ੍ਰਤੀ ਜਾਗਰੂਕ ਕਰਨ ਲਈ
ਵੱਲੋਂ ਪੰਜਾਬ ਪੁਲਿਸ ਫਿਰੋਜ਼ਪੁਰ
"Walk, Run & Pedal for Life !"
ਪੈਦਲ ਮਾਰਚ
ਮਿਤੀ: 18 ਜਨਵਰੀ 2024
ਜਾਗੋ ਜਾਗੋ
ਨਸ਼ੇ ਤਿਆਗੋ
Say No To
Drugs